ਦਫਤਰ ਚੋਣਕਾਰ ਰਜਿਸਟਰੇਸ਼ਨ ਅਫਸਰ, 90-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ
-ਕਮ-ਉਪ ਮੰਡਲ ਮੈਜਿਸਟਰੇਟ,ਰਾਮਪੁਰਾ ਫੂਲ।
OFFICE OF THE ELECTORAL REGSITRATION OFFICER,-90-RAMPURA PHUL(AC)-CUM-
SUB DIVISIONAL MAGISTRATE RAMPURA PHUL
Phone No. 01651-248225 Fax No. 01651-248025 E-mail: ero90rampuraphul@gmail.com

ਜਿੰਮੇਵਾਰ ਬਣੋ, ਵੋਟਰ ਬਣੋ ਜਿੰਮੇਵਾਰ ਬਣੋ, ਵੋਟਰ ਬਣੋ

ਵੱਲ:

ਸਮੂਹ ਵਿਭਾਗਾਂ ਦੇ ਮੁੱਖੀ
ਸਮੂਹ ਬੀ.ਐੱਲ.ਓਜ਼,
090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ।

ਪੱਤਰ ਨੰ.2117-18/ਚੋਣਾਂ
ਮਿਤੀ.- 17 -01-2023

ਵਿਸ਼ਾ:- ਯੋਗਤਾ ਮਿਤੀ 01/01/2023 ਦੇ ਆਧਾਰ ਤੇ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਅਤੇ ਵੋਟਰ ਕਾਰਡਾਂ ਨੂੰ ਆਧਾਰ ਕਾਰਡਾਂ ਨਾਲ ਲਿੰਕ ਕਰਨ ਸਬੰਧੀ ।

ਹਵਾਲਾ:- ਇਸ ਦਫ਼ਤਰ ਦੇ ਪੱਤਰ ਨੰ. 1896/ਚੋਣਾਂ, ਮਿਤੀ-30-08-2022 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੁੱਖ ਚੋਣ ਅਫਸਰ, ਪੰਜਾਬ ਜੀ ਦੀਆਂ ਹਦਾਇਤਾਂ ਅਨੁਸਾਰ ਮਿਤੀ-01-08-2022 ਤੋ ਸਮੂਹ ਵੋਟਰਾਂ ਦਾ ਡਾਟਾ ਆਧਾਰ ਕਾਰਡ ਨਾਲ ਲਿੰਕ ਕਰਨ ਦਾ ਕੰਮ ਚੱਲ ਰਿਹਾ ਹੈ। ਇਸ ਸਬੰਧ ਵਿੱਚ ਹਵਾਲਾ ਅਧੀਨ ਪੱਤਰ ਰਾਹੀ ਆਪ ਅਧੀਨ ਆਉਦੇ ਕ੍ਰਮਚਾਰੀ ਜਿਨ੍ਹਾਂ ਦੀ ਡਿਊਟੀ ਇਸ ਚੋਣ ਹਲਕੇ ਅਧੀਨ ਬਤੌਰ ਬੀ.ਐੱਲ.ਓ. ਲੱਗੀ ਹੋਈ ਹੈ, ਨੂੰ ਇਸ ਕੰਮ ਲਈ ਹਫਤੇ ਦੇ ਦੋ ਦਿਨ ਸ਼ੁੱਕਰਵਾਰ ਅਤੇ ਸ਼ਨੀਵਾਰ ਨੂੰ ਡਿਊਟੀ ਤੋ ਫਾਰਗ ਕਰਨ ਲਈ ਲਿਖਿਆ ਗਿਆ ਸੀ। ਹੁਣ ਤੱਕ ਇਸ ਚੋਣ ਹਲਕੇ ਦਾ ਲਗਭਗ 82 ਪ੍ਰਤੀਸ਼ਤ ਕੰਮ ਮੁਕੰਮਲ ਹੋ ਚੁੱਕਾ ਹੈ, ਇਸ ਲਈ ਆਪ ਦੇ ਵਿਭਾਗ ਦੇ ਕ੍ਰਮਚਾਰੀ ਜਿਨ੍ਹਾਂ ਦੀ ਡਿਊਟੀ ਬਤੌਰ ਬੂਥ ਲੈਵਲ ਅਫਸਰ ਇਸ ਚੋਣ ਹਲਕੇ ਅਧੀਨ ਲੱਗੀ ਹੋਈ ਹੈ, ਨੂੰ ਹਫਤੇ ਦੇ ਇੱਕ ਦਿਨ ਸ਼ਨੀਵਾਰ ਨੂੰ ਵਿਭਾਗੀ ਡਿਊਟੀ ਤੋ ਛੋਟ ਦੇ ਕੇ ਇਸ ਕੰਮ ਲਈ ਪਾਬੰਦ ਕੀਤਾ ਜਾਵੇ।

ਇਸਤੋਂ ਇਲਾਵਾ ਆਪਦੇ ਵਿਭਾਗ ਦੇ ਬੀ.ਐੱਲ.ਓਜ਼ ਪਾਸੋ ਛੁੱਟੀ ਵਾਲੇ ਦਿਨ ਕੀਤੇ ਗਏ ਕੰਮ ਦੀ ਰਿਪੋਰਟ ਲਈ ਜਾਵੇ, ਜਿਨ੍ਹਾਂ ਬੀ.ਐੱਲ.ਓਜ਼ ਵੱਲੋਂ ਸ਼ਨੀਵਾਰ ਨੂੰ ਦਫਤਰੀ ਡਿਊਟੀ ਤੋ ਛੁੱਟੀ ਲੈ ਕੇ ਚੋਣਾਂ ਦਾ ਕੰਮ ਵੀ ਨਹੀ ਕੀਤਾ ਜਾਂਦਾ, ਉਸ ਸਬੰਧੀ ਰਿਪੋਰਟ ਇਸ ਦਫ਼ਤਰ ਨੂੰ ਦਿੱਤੀ ਜਾਵੇ, ਤਾਂ ਜੋ ਉਨ੍ਹਾਂ ਖਿਲਾਫ਼ ਬਣਦੀ ਅਨੁਸ਼ਾਸਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।

ਚੋਣਕਾਰ ਰਜਿਸਟਰੇਸ਼ਨ ਅਫਸਰ-
ਕਮ-ਉਪ ਮੰਡਲ ਮੈਜਿਸਟ੍ਰੇਟ, ਰਾਮਪੁਰਾ ਫੂਲ।
(090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ)

ਪਿੰਠ ਅੰਕਣ ਨੰ...2119-20.../ਚੋਣ ਸ਼ਾਖਾਂ ਮਿਤੀ- 17/01/2023

ਇਸਦਾ ਇੱਕ ਉਤਾਰਾ:-

1. ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਪਾਸ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।
2. ਸਮੂਹ ਸੁਪਰਵਾਈਜ਼ਰ, 090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ ਪਾਸ ਭੇਜਕੇ ਲਿਖਿਆ ਜਾਂਦਾ ਹੈ ਕਿ ਆਪਣੇ-ਆਪਣੇ ਅਧੀਨ ਕੰਮ ਕਰਦੇ ਬੀ.ਐੱਲ.ਓਜ਼ ਨਾਲ ਤਾਲਮੇਲ ਕਰਕੇ ਉਨ੍ਹਾਂ ਪਾਸੋ ਰੋਜ਼ਾਨਾਂ ਸ਼ਾਮ ਨੂੰ ਕੀਤੇ ਗਏ ਕੰਮ ਦੀ ਰਿਪੋਰਟ ਪ੍ਰਾਪਤ ਕੀਤੀ ਜਾਵੇ, ਅਤੇ ਇਸ ਕੰਮ ਨੂੰ ਮੁਕੰਮਲ ਕਰਵਾਕੇ ਰਿਪੋਰਟ ਇਸ ਦਫ਼ਤਰ ਨੂੰ ਭੇਜੀ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ-
ਕਮ-ਉਪ ਮੰਡਲ ਮੈਜਿਸਟ੍ਰੇਟ, ਰਾਮਪੁਰਾ ਫੂਲ।
(090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ)



Scanned with OKEN Scanner